ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ

ਵੱਲ

1. ਸਮੂਹ ਜਿਲਾ ਸਿੱਖਿਆ ਅਫਸਰ (ਸੈ.ਸਿੱ), ਪੰਜਾਬ।
2. ਸਮੂਹ ਸਕੂਲ ਮੁੱਖੀ, ਪੰਜਾਬ।

ਮੀਮੋ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/230940/ 2021/**290808**

ਮਿਤੀ: 27.08.2021

ਵਿਸ਼ਾ: ਬਦਲੀਆਂ ਦੇ ਹੁਕਮ ਲਾਗੂ ਕਰਨ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: ਡਿਪਟੀ ਐਸ.ਪੀ.ਡੀ (ਪੀ.ਈ.ਡੀ.ਬੀ)/ 2021/ **122853**, ਮਿਤੀ:08.04.2021

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਕੂਲ ਮੁੱਖੀਆਂ ਵੱਲੋਂ ਵਿਭਾਗ ਨਾਲ ਸੰਪਰਕ ਕਰਕੇ ਮਿਡਲ ਸਕੂਲਾਂ ਤੋਂ ਬਦਲੀ ਹੋਏ ਅਧਿਆਪਕਾਂ ਦੇ ਬਦਲੀ ਦੇ ਹੁਕਮ ਲਾਗੂ ਕਰਨ ਸਬੰਧੀ ਅਗੁਵਾਈ ਮੰਗੀ ਜਾ ਰਹੀ ਹੈ।

2.0 ਵਿਭਾਗ ਵਲੋਂ ਹਵਾਲਾ ਅਧੀਨ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ:

"ਜੇਕਰ ਕਿਸੇ ਮਿਡਲ ਸਕੂਲ ਤੋਂ ਸਾਰੇ ਅਧਿਆਪਕ ਬਦਲੀ ਕਰਵਾਉਣ ਵਿੱਚ ਸਫਲ ਹੋ ਜਾਂਦੇ ਹਨ ਤਾਂ ਉਹਨਾਂ ਅਧਿਆਪਕਾਂ ਦੀ ਬਦਲੀ ਦੇ ਹੁਕਮਾਂ ਵਿੱਚ ਲਗਾਈ ਸਰਤਾਂ ਨੂੰ ਮੁੱਖ ਰੱਖਦੇ ਹੋਏ ਕਿਸੇ ਵੀ ਅਧਿਆਪਕ ਨੂੰ ਉਸ ਸਮੇਂ ਤੱਕ ਫਾਰਗ ਨਹੀ ਕੀਤਾ ਜਾਵੇਗਾ ਜਦੋ ਤੱਕ ਸਕੂਲ ਵਿੱਚ ਕੋਈ ਅਧਿਆਪਕ ਨਵੀਂ ਨਿਯੁਕਤੀ ਜਾਂ ਬਦਲੀ ਦੇ ਅਗਲੇ ਗੇੜ ਵਿੱਚ ਹਾਜਰ ਨਹੀ ਹੋ ਜਾਂਦਾ।"

3.0 ਵਿਭਾਗ ਦੇ ਪੱਤਰ ਨੰ DPISE-SEDUODIST/2/2021-SE-DPISE-Part(1)/2021166192, ਮਿਤੀ 24.05.2021 ਰਾਹੀਂ ਲਿਖਿਆ ਗਿਆ ਸੀ ਕਿ ਬਦਲੀਆਂ ਦੇ ਮੰਤਵ ਲਈ ਜਾਂ ਨਵ ਨਿਯੁਕਤ ਅਧਿਆਪਕਾਂ ਦੀ ਤਾਇਨਾਤੀ ਲਈ ਮਿਡਲ ਸਕੂਲਾਂ ਦੀਆਂ ਅਸਾਮੀਆਂ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਦਿਖਾਈਆਂ ਗਈਆਂ ਸਨ। ਇਹਨਾਂ ਮਿਡਲ ਸਕੂਲਾਂ ਦੀਆਂ ਡੀ.ਡੀ.ਓ ਪਾਵਰਾਂ ਪਹਿਲਾਂ ਵਾਂਗ ਉਹਨਾਂ ਦੇ ਕੰਪਲੈਕਸ ਸਕੂਲ ਨੂੰ ਹੀ ਦਿੱਤੀਆਂ ਗਈਆਂ ਹਨ।

4.0 ਉਪਰੋਕਤ ਤੋਂ ਇਲਾਵਾ ਹਵਾਲਾ ਅਧੀਨ ਪੱਤਰ ਰਾਹੀਂ ਲਿਖਿਆ ਗਿਆ ਸੀ ਕਿ ਡੀ.ਡੀ.ਓ/ ਸਕੂਲ ਮੁੱਖੀ ਵੱਲੋਂ ਬਦਲੀ ਦੇ ਹੁਕਮ ਲਾਗੂ ਕਰਦੇ ਸਮੇਂ ਵਿਸ਼ੇਸ਼ ਤੌਰ ਤੇ ਬਦਲੀ ਦੇ ਹੁਕਮਾਂ ਵਿੱਚ ਲਗਾਈਆਂ ਹੇਠ ਲਿਖਿਆਂ ਸ਼ਰਤਾਂ ਦਾ ਧਿਆਨ ਰੱਖਿਆ ਜਾਵੇ:

"In case of Senior Secondary and High Schools, if on implementation of these orders the number of teachers in school becomes less than 50% of sanctioned strength of teachers then these orders will not be implemented for all teachers who got

transfer from that school until the school does not get replacement of that teacher."

5.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਬਦਲੀਆਂ ਦੇ ਮੰਤਵ ਲਈ ਮਿਡਲ ਸਕੂਲਾਂ ਦੀਆਂ ਅਸਾਮੀਆਂ ਉਨਹਾਂ ਦੇ ਕਲਸਟਰ ਸਕੂਲ ਵਿੱਚ ਦਿਖਾਈਆਂ ਗਈਆਂ ਸਨ ਅਤੇ ਬਦਲੀ ਉਪਰੰਤ ਅਧਿਆਪਕਾਂ ਦੀ ਤੈਨਾਤੀ ਕਲਸਟਰ ਸਕੂਲ ਦੇ ਮੁੱਖੀ ਵਲੋਂ ਉਹਨਾਂ ਨਾਲ ਅਟੈਚ ਮਿਡਲ ਸਕੂਲਾਂ ਵਿੱਚ ਵੀ ਕੀਤੀ ਗਈ ਹੈ। ਪੈਰਾ ਨੰ 3.0 ਤੋਂ ਸਪਸ਼ਟ ਹੈ ਕਿ ਮਿਡਲ ਸਕੂਲ ਕਿਸੇ ਸੀਨੀਅਰ ਸੈਕੰਡਰੀ ਜਾਂ ਹਾਈ ਸਕੂਲ ਦੀ ਹੀ ਬ੍ਰਾਂਚ ਹਨ। ਵਿਭਾਗ ਵਲੋਂ ਮਿਡਲ ਸਕੂਲਾਂ ਤੋਂ ਬਦਲੀ ਹੋਏ ਅਧਿਆਪਕਾਂ ਦੀ ਫਾਰਗੀ ਸਬੰਧੀ ਮੁੜ ਵਿਚਾਰ ਕੀਤਾ ਗਿਆ ਅਤੇ ਫੈਸਲਾ ਹੇਠ ਲਿਖੇ ਅਨੁਸਾਰ ਕੀਤਾ ਜਾਂਦਾ ਹੈ:

I. ਮਿਡਲ ਸਕੂਲਾਂ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਨੂੰ ਕੰਪਲੈਕਸ ਸਕੂਲ ਦੀਆਂ ਮੰਨਜੂਰਸ਼ੁਦਾ ਅਸਾਮੀਆਂ ਦੀ ਗਿਣਤੀ ਵਿੱਚ ਸ਼ਾਮਿਲ ਕੀਤਾ ਜਾਵੇ। ਉਕਤ ਅਨਸਾਰ ਕੰਪਲੈਕਸ ਸਕੂਲ ਵਿਖੇ ਮੰਨਜੂਰਸ਼ੁਦਾ ਅਸਾਮੀਆਂ ਦੀ ਗਿਣਤੀ ਕਰਦੇ ਹੋਏ ਜੇਕਰ ਕੰਪਲੈਕਸ ਸਕੂਲ ਅਧੀਨ ਪੈਂਦੇ ਸਮੂਹ ਸਕੂਲਾਂ ਵਿੱਚ ਬਦਲੀਆਂ ਦੇ ਹੁਕਮ ਲਾਗੂ ਕਰਨ ਤੇ ਸਟਾਫ ਦੀ ਗਿਣਤੀ 50 ਪ੍ਰਤੀਸ਼ਤ ਤੋਂ ਘੱਟ ਰਹਿ ਜਾਂਦੀ ਹੈ ਤਾਂ ਬਦਲੀਆਂ ਦੇ ਹੁਕਮ ਲਾਗੂ ਨਹੀਂ ਕੀਤੇ ਜਾਣਗੇ ਜਦੋਂ ਤੱਕ ਉਹਨਾਂ ਅਧਿਆਪਕਾਂ ਦਾ ਬਦਲਵਾਂ ਪ੍ਰਬੰਧ ਸਕੂਲ ਵਿਖੇ ਹਾਜਰ ਨਹੀਂ ਹੋ ਜਾਂਦਾ।

II. ਕੰਪਲੈਕਸ ਅਧੀਨ ਪੈਂਦੇ ਸਮੂਹ ਮਿਡਲ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਪੜ੍ਹਾਈ ਦੀ ਜਿੰਮੇਵਾਰੀ ਸਬੰਧਤ ਕੰਪਲੈਕਸ ਸਕੂਲ ਮੁੱਖੀ ਦੀ ਹੋਵੇਗੀ। ਸਬੰਧਤ ਕੰਪਲੈਕਸ ਸਕੂਲ ਮੁੱਖੀ ਵਲੋਂ ਵਿਦਿਆਰਥੀਆਂ ਦੀ ਗਿਣਤੀ ਅਤੇ ਵਿਸ਼ੇ ਦੀ ਪੜ੍ਹਾਈ ਨੂੰ ਮੁੱਖ ਰੱਖਦੇ ਹੋਏ ਆਪਣੇ ਕੰਪਲੈਕਸ ਅਧੀਨ ਪੈਂਦੇ ਸਕੂਲਾਂ ਦਾ ਟਾਈਮ ਟੇਬਲ ਤਿਆਰ ਕਰਵਾਇਆ ਜਾਵੇਗਾ ਅਤੇ ਮਿਡਲ ਸਕੂਲਾਂ ਵਿੱਚ ਲੋੜ ਅਨੁਸਾਰ ਸਮੂਹ ਵਿਸ਼ਿਆਂ ਦੀ ਪੜ੍ਹਾਈ ਲਈ ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇਗੀ। ਟਾਈਮ ਟੇਬਲ ਬਣਾਉਂਦੇ ਸਮੇਂ ਕੰਪਲੈਕਸ ਮੁੱਖੀ ਵਲੋਂ ਇਸ ਗੱਲ ਦਾ ਵਿਸ਼ੇਸ ਧਿਆਨ ਰੱਖਿਆ ਜਾਵੇਗਾ ਕਿ ਮਿਡਲ ਸਕੂਲ ਵਿੱਚ ਅਧਿਆਪਕ ਦੀ ਡਿਊਟੀ ਪੂਰੇ ਸ਼ੈਸਨ ਲਈ ਹੋਵੇਗੀ।

III. ਕੰਪਲੈਕਸ ਅਧੀਨ ਪੈਂਦੇ ਸਮੂਹ ਮਿਡਲ ਸਕੂਲਾਂ ਦੇ ਨਿਰੀਖਣ ਦੀ ਜਿੰਮੇਵਾਰੀ ਕੰਪਲੈਕਸ ਪ੍ਰਿੰਸੀਪਲ/ ਮੁੱਖ ਅਧਿਆਪਕ ਦੀ ਹੋਵੇਗੀ ਅਤੇ ਹਫਤੇ ਵਿੱਚ ਘੱਟੋ ਘੱਟ ਇਕ ਦਿਨ ਕੰਪਲੈਕਸ ਪ੍ਰਿੰਸੀਪਲ/ ਮੁੱਖ ਅਧਿਆਪਕ ਵਲੋਂ ਮਿਡਲ ਸਕੂਲ ਦਾ ਨਿਰੀਖਣ ਕੀਤਾ ਜਾਵੇਗਾ।

ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿੱ), ਪੰਜਾਬ